ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

ਦਿੱਲੀ ਆਫਤ ਪ੍ਰਬੰਧਨ ਅਥਾਰਟੀ

ਫਾ.ਨੰ. 06/ਡੀ.ਡੀ.ਐਮ.ਏ./ਕੋਵਿਡ-19/29 ਮਿਤੀ: 08/04/2020

**ਹੁਕਮ**

ਜਦੋਂ ਕਿ, ਦਿੱਲੀ ਆਫਤ ਪ੍ਰਬੰਧਨ ਅਥਾਰਟੀ (ਡੀ.ਡੀ.ਐਮ.ਏ.) ਸੰਤੁਸ਼ਟ ਹੈ ਕਿ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਕੋਵਿਡ-19 ਮਹਾਮਾਰੀ ਦੀ ਲਾਗ ਕਾਰਨ ਚਿੰਤਤ ਹੈ ਜਿਸ ਨੂੰ ਵਿਸ਼ਵ ਸਿਹਤ ਸੰਗਠਨ ਵੱਲੋਂ ਪਹਿਲਾਂ ਹੀ ਆਲਮੀ ਮਹਾਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਵਿਖੇ ਇਸ ਲਾਗ ਨੂੰ ਰੋਕਣ ਲਈ ਪ੍ਰਭਾਵੀ ਕਦਮ ਚੁੱਕਣ ਲਈ ਇਸ ਨੂੰ ਜ਼ਰੂਰੀ ਸਮਝਿਆ ਗਿਆ ਹੈ

ਅਤੇ ਜਦੋਂ ਕਿ ਭਾਰਤ ਸਰਕਾਰ ਨੇ 'ਕੋਵਿਡ-19' ਦੇ ਖਤਰੇ ਨੂੰ ਰੋਕਣ ਲਈ 25 ਮਾਰਚ, 2020 ਤੋਂ 14 ਅਪ੍ਰੈਲ, 2020 ਅੱਧੀ ਰਾਤ ਤਕ ਪੂਰੇ ਭਾਰਤ ਵਿਖੇ ਤਾਲਾਬੰਦੀ ਨੂੰ ਅਧਿਸੂਚਿਤ ਕੀਤਾ ਹੈ, ਜਿਸ ਵਿਚ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਦਾ ਖੇਤਰ ਸ਼ਾਮਿਲ ਹੈ।

ਅਤੇ ਜਦੋਂ ਕਿ, ਦਿੱਲੀ ਆਫਤ ਪ੍ਰਬੰਧਨ ਅਥਾਰਟੀ ਨੇ ਸਥਿਤੀ ਨਾਲ ਨਜਿੱਠਣ ਲਈ ਸਾਰੇ ਜ਼ਰੂਰੀ ਉਪਾਅ ਕਰਨ ਲਈ ਸਮੇਂ-ਸਮੇਂ 'ਤੇ ਸਾਰੇ ਅਧਿਕਾਰਿਆਂ ਨੂੰ ਵੱਖ-ਵੱਖ ਹੁਕਮ/ਨਿਰਦੇਸ਼ ਜਾਰੀ ਕੀਤੇ ਹਨ;

ਅਤੇ ਜਦੋਂ ਕਿ ਕੇਂਦਰੀ ਗ੍ਰਹਿ ਸਕੱਤਰ, ਭਾਰਤ ਸਰਕਾਰ ਦੁਆਰਾ ਦੇਸ਼ ਵਿਚ ਕੋਵਿਡ-19 ਮਹਾਮਾਰੀ ਦੀ ਰੋਕਥਾਮ ਲਈ ਕੀਤੇ ਜਾ ਰਹੇ ਤਾਲਾਬੰਦੀ ਉਪਾਵਾਂ ਬਾਰੇ ਮਿਤੀ 06/04/2020 ਦੇ ਪੱਤਰ ਰਾਹੀਂ ਗ੍ਰਹਿ ਮੰਤਰਾਲੇ ਦੁਆਰਾ ਮਿਤੀ 24/03/2020 ਨੂੰ ਅਧਿਸੂਚਿਤ ਕੀਤੇ ਗਏ ਅਤੇ 25/03/2020, 27/03/2020, 02/04/2020 ਅਤੇ 03/04/2020 ਨੂੰ ਸੋਧੇ ਗਏ ਇਕਜੁੱਟ ਦਿਸ਼ਾ ਨਿਰਦੇਸ਼ਾਂ ਨੂੰ ਦੁਹਰਾਇਆ ਹੈ। ਏਕੀਕ੍ਰਿਤ ਦਿਸ਼ਾ ਨਿਰਦੇਸ਼ਾਂ ਨੂੰ ਦੁਹਰਾਉਂਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਕੋਵਿਡ-19 ਮਹਾਮਾਰੀ ਦੇ ਮੱਦੇਨਜ਼ਰ ਦੇਸ਼ ਵਿਚ ਮੈਡੀਕਲ ਆਕਸੀਜਨ ਦੀ ਸਪਲਾਈ ਨੂੰ ਬਣਾਈ ਰੱਖਣ ਦੀ ਬਹੁਤ ਜ਼ਰੂਰਤ ਹੈ ਅਤੇ ਮੈਡੀਕਲ ਆਕਸੀਜਨ ਨੂੰ ਰਾਸ਼ਟਰੀ ਅਤੇ ਡਬਲਿਯੂ.ਐਚ.ਓ. ਦੀ ਜ਼ਰੂਰੀ ਦਵਾਈਆਂ ਦੀ ਸੂਚੀ ਵਿਚ ਵੀ ਸ਼ਾਮਿਲ ਕੀਤਾ ਗਿਆ ਹੈ। ਇਸ ਲਈ ਮੈਡੀਕਲ ਆਕਸੀਜਨ ਦੀ ਨਿਰਵਿਘਨ ਅਤੇ ਮੁਸ਼ਕਿਲ ਰਹਿਤ ਸਪਲਾਈ ਨੂੰ ਬਣਾਏ ਰੱਖਣ ਲਈ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਅਤੇ ਜਦੋਂ ਕਿ ਗ੍ਰਹਿ ਮੰਤਰਾਲੇ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ, ਮੁੱਖ ਸਕੱਤਰ, ਦਿੱਲੀ ਦੁਆਰਾ 04/04/2020 ਨੂੰ ਪਹਿਲਾਂ ਤੋਂ ਹੀ ਅਪਵਾਦਾਂ ਦੀ ਸ਼੍ਰੇਣੀ ਵਿਚ ਵਿਸ਼ੇਸ਼ ਸੇਵਾਵਾਂ ਦੀ ਛੋਟ ਦੇ ਸੰਬੰਧ ਵਿਚ ਇਕ ਸਪਸ਼ਟੀਕਰਨ ਜਾਰੀ ਕੀਤਾ ਗਿਆ ਹੈ।

ਅਤੇ ਜਦੋਂ ਕਿ, ਉਪਰੋਕਤ ਦਿਸ਼ਾ ਨਿਰਦੇਸ਼ਾਂ ਅਨੁਸਾਰ, ਮੈਡੀਕਲ ਉਪਕਰਨਾਂ ਦੀਆਂ ਨਿਰਮਾਣ ਇਕਾਈਆਂ, ਉਨ੍ਹਾਂ ਦੇ ਕੱਚੇ ਅਤੇ ਵਿਚਲੇ ਮਾਲ, ਪੈਕਿੰਗ ਸਮੱਗਰੀ ਦੀਆਂ ਨਿਰਮਾਨ ਇਕਾਈਆਂ, ਜ਼ਰੂਰੀ ਚੀਜ਼ਾਂ ਦੀ ਆਵਾਜਾਈ ਅਤੇ ਮੈਡੀਕਲ ਸਪਲਾਈ ਦੀ ਆਗਿਆ ਦਿੱਤੀ ਗਈ ਹੈ। ਅੱਗੇ, ਛੋਟ ਵਾਲੀਆਂ ਚੀਜ਼ਾਂ ਦੀ ਸਪਲਾਈ ਚੇਨ ਜਿਸ ਵਿਚ ਕਰਮਚਾਰੀਆਂ ਦੀ ਅੰਤਰ-ਰਾਜੀ ਆਵਾਜਾਈ ਵੀ ਸ਼ਾਮਿਲ ਹੈ ਦੇ ਨਿਰਵਿਘਨ ਕੰਮਕਾਜ ਬਾਰੇ ਵਿਸਥਾਰ ਵਿਚ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ।

ਹੁਣ, ਇਸ ਲਈ, ਆਫ਼ਤ ਪ੍ਰਬੰਧਨ ਐਕਟ, 2005 ਦੀ ਧਾਰਾ 22 ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਰਾਜ ਕਾਰਜਕਾਰੀ ਕਮੇਟੀ, ਰਾਸ਼ਟਰੀ ਰਾਜਧਾਨੀ ਖੇਤਰ ਦੇ ਚੇਅਰਪਰਸਨ ਵਜੋਂ ਨਿਮਨ ਹਸਤਾਖਰੀ ਵੱਲੋਂ ਇਹ ਦੁਹਰਾਇਆ ਅਤੇ ਸਪਸ਼ਟ ਕੀਤਾ ਜਾਂਦਾ ਹੈ ਕਿ ਤਾਲਾਬੰਦੀ ਉਪਾਵਾਂ ਉੱਤੇ ਜੁੜੇ ਦਿਸ਼ਾ-ਨਿਰਦੇਸ਼ਾਂ ਦੀਆਂ ਵੱਖ-ਵੱਖ ਧਾਰਾਵਾਂ ਦੇ ਅਪਵਾਦ ਵਿੱਚ ਹੇਠ ਲਿਖੀਆਂ ਗੱਲਾਂ ਸ਼ਾਮਲ ਹਨ:-

(i) ਮੈਡੀਕਲ ਆਕਸੀਜਨ ਗੈਸ/ਤਰਲ, ਮੈਡੀਕਲ ਆਜਸੀਜਨ ਸਿਲੰਡਰ, ਤਰਲ ਆਕਸੀਜਨ ਨੂੰ ਸਟੋਰ ਕਰਨ ਲਈ ਕ੍ਰਾਈਓਜੈਨਿਕ ਟੈਂਕ, ਤਰਲ ਕ੍ਰਾਈਓਜੈਨਿਕ ਸਿਲੰਡਰ, ਤਰਲ ਆਕਸੀਜ਼ਨ, ਕ੍ਰਾਈਓਜੈਨਿਕ ਆਵਾਜਾਈ ਟੈਂਕ, ਐਂਬੀਅੰਟ ਵੈਪੋਰਾਈਜ਼ਰ ਅਤੇ ਕ੍ਰਾਈਓਜੈਨਿਕ ਵਾਲਵ, ਸਿਲੰਡਰ ਵਾਲਵ ਅਤੇ ਸਹਾਇਕ ਸਮੱਗਰੀ ਦੀਆਂ ਸਾਰੀਆਂ ਨਿਰਮਾਣ ਈਕਾਈਆਂ।

(ii) ਉੱਤੇ ਦਿੱਤੀਆਂ ਚੀਜ਼ਾਂ ਦੀ ਆਵਾਜਾਈ।

(iii) ਉੱਤੇ ਦਿੱਤੀਆਂ ਚੀਜ਼ਾਂ ਦੀ ਕਰਾਸ ਲੈਂਡ ਬਾਰਡਰ ਆਵਾਜਾਈ।

(iv) ਇਹ ਯਕੀਨੀ ਬਣਾਉਣ ਲਈ ਕਿ ਫੈਕਟਰੀਆਂ ਪੂਰੀ ਤਰ੍ਹਾਂ ਸਥਾਪਤ ਸਮਰੱਥਾ 'ਤੇ ਚੱਲ ਰਹੀਆਂ ਹਨ, ਉੱਤੇ ਦਿੱਤੀਆਂ ਨਿਰਮਾਣ ਇਕਾਈਆਂ ਦੇ ਕਰਮਚਾਰੀ ਅਤੇ ਉਨ੍ਹਾਂ ਦੀ ਆਵਾਜਾਈ ਦੀ ਆਗਿਆ ਹੋਣੀ ਚਾਹੀਦੀ ਹੈ/ ਉਨ੍ਹਾਂ ਨੂੰ ਘਰਾਂ ਤੋਂ ਫੈਕਟਰੀਆਂ ਅਤੇ ਵਾਪਸ ਜਾਣ ਲਈ ਪਾਸ ਦਿੱਤੇ ਜਾਣ।

ਇਸ ਤੋਂ ਇਲਾਵਾ, ਜਿਵੇਂ ਕਿ ਤਾਲਾਬੰਦੀ ਉਪਾਵਾਂ ਵਿੱਚ ਦੱਸਿਆ ਗਿਆ ਹੈ, ਉੱਤੇ ਦਿੱਤੀਆਂ ਗਤੀਵਿਧੀਆਂ ਵਿਚ ਸਮਾਜਿਕ ਦੂਰੀ ਅਤੇ ਸਹੀ ਸਾਫ-ਸਫਾਈ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਇਨ੍ਹਾਂ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਾ ਸੰਸਥਾ ਦੇ ਮੁਖੀ ਦੀ ਜ਼ਿੰਮੇਵਾਰੀ ਹੋਵੇਗੀ। ਜ਼ਿਲ੍ਹਾ ਅਧਿਕਾਰੀ ਸਖ਼ਤੀ ਨਾਲ ਅਮਲ ਨੂੰ ਯਕੀਨੀ ਬਣਾਉਣਗੇ।

(ਵਿਜੇ ਦੇਵ)

ਮੁੱਖ ਸਕੱਤਰ, ਦਿੱਲੀ

ਸੇਵਾ ਵਿਖੇ,

1. ਸਾਰੇ ਜ਼ਿਲ੍ਹਾ ਮਜਿਸਟ੍ਰੇਟ, ਦਿੱਲੀ।

3. ਸਾਰੇ ਜ਼ਿਲ੍ਹਾ ਡਿਪਟੀ ਪੁਲਿਸ ਕਮਿਸ਼ਨਰ, ਦਿੱਲੀ ਪੁਲਿਸ।

ਜਾਣਕਾਰੀ ਲਈ ਨਕਲ:

1. ਮਾਨਯੋਗ ਲੈਫਟੀਨੈਂਟ ਗਵਰਨਰ, ਦਿੱਲੀ ਦੇ ਪ੍ਰਮੁੱਖ ਸਕੱਤਰ।

2. ਮਾਣਯੋਗ ਮੁੱਖਮੰਤਰੀ, ਦਿੱਲੀ ਦੇ ਵਧੀਕ ਸਕੱਤਰ।

3. ਮਾਣਯੋਗ ਉਪ-ਮੁੱਖਮੰਤਰੀ/ਵਿੱਤ ਮੰਤਰੀ ਦਿੱਲੀ ਦੇ ਸਕੱਤਰ।

4 ਵਧੀਕ ਮੁੱਖ ਸਕੱਤਰ (ਗ੍ਰਹਿ), ਦਿੱਲੀ।

5. ਪੁਲਿਸ ਕਮਿਸ਼ਨਰ, ਦਿੱਲੀ।

6. ਪ੍ਰਮੁੱਖ ਸਕੱਤਰ, (ਰੇਵੇਨਿਯੂ)-ਅਤੇ-ਡਵੀਜ਼ਨਲ ਕਮਿਸ਼ਨਰ, ਦਿੱਲੀ ਸਰਕਾਰ।

7. ਚੇਅਰਮੈਨ, ਨਵੀਂ ਦਿੱਲੀ ਮਿਉਨਿਸਪਲ ਕੌਂਸਲ।

8. ਕਮਿਸ਼ਨਰ (ਦੱਖਣ ਡੀ.ਐਮ.ਸੀ./ਪੂਰਵੀ ਡੀ.ਐਮ.ਸੀ./ ਉੱਤਰੀ ਡੀ.ਐਮ.ਸੀ)।

9. ਸਕੱਤਰ (ਸਿਹਤ ਅਤੇ ਪਰਿਵਾਰ ਭਲਾਈ), ਦਿੱਲੀ।

10. ਨਿਦੇਸ਼ਕ, ਸੂਚਨਾ ਅਤੇ ਪ੍ਰਚਾਰ ਡਾਇਰੈਕਟੋਰੇਟ, ਦਿੱਲੀ ਨੂੰ ਵਿਆਪਕ ਪ੍ਰਚਾਰ ਲਈ।

11. ਐਸ.ਆਈ.ਓ., ਐਨ.ਆਈ.ਸੀ. ਨੂੰ ਦਿੱਲੀ ਸਰਕਾਰ ਦੀ ਵੈਬਸਾਈਟ ਤੇ ਅਪਲੋਡ ਕਰਨ ਲਈ।